ISSN: 2584-0231(Online)
International Journal of Multidisciplinary Research in Arts, Science and Technology
Volume 4 | Issue 2 | February 2026
Available online at: https://ijmrast.com
DOI: https://doi.org/10.61778/ijmrast.v4i2.233

# ਜਰਨੈਲ ਸਿੰਘ ਦੀ ਸਵੈ-ਜੀਵਨੀ: ਜੀਵਨ ਸੰਘਰਸ਼ ਦੀ ਬਹੁ-ਪਰਤੀ ਗਾਥਾ

## Jarnail Singh Di Swai-jeevni: Jeevan Sangharsh Di Bahu-Parti Gaatha

**ਡਾ.ਅਕਾਲ ਅੰਮ੍ਰਿਤ ਕੌਰ (Dr. Akal Amrit Kaur)**

ਐਸੋਸੀਏਟ ਪ੍ਰੋਫ਼ੈਸਰ ਤੇ ਮੁਖੀ ਪੰਜਾਬੀ ਵਿਭਾਗ, ਲਾਇਲਪੁਰ ਖਾਲਸਾ ਕਾਲਜ ਫ਼ਾਰ ਵਿਮੈਨ, ਜਲੰਧਰ (ਪੰਜਾਬ)

Associate Professor and Head, Department of Punjabi, Lyallpur Khalsa College for Women, Jalandhar (Punjab)

**E-Mail:** akalamrit@gmail.com

## Abstract (ਸਾਰ)

*ਸਵੈ-ਜੀਵਨੀ ਰਚਨਾ ਦਾ ਉਦੇਸ਼ ਸਮਾਜਿਕ ਵੀ ਹੁੰਦਾ ਹੈ। ਇਸ ਵਿਧਾ ਰਾਹੀਂ ਸਵੈ-ਜੀਵਨੀਕਾਰ ਆਪਣੀ ਜੀਵਨ-ਯਾਤਰਾ ਵਿੱਚੋਂ ਪ੍ਰਾਪਤ ਅਨੁਭਵ ਤੇ ਤਜਰਬਿਆਂ ਨੂੰ ਦੂਸਰਿਆਂ ਨਾਲ ਸਾਂਝਾ ਕਰਦਾ ਹੈ। ਮਨੁੱਖ ਜਾਤੀ ਵਿੱਚ ਹਰ ਮਨੁੱਖ ਦੂਸਰੇ ਤੋਂ ਅਲੱਗ ਹੈ, ਭਿੰਨ ਹੈ। ਹਰੇਕ ਮਨੁੱਖ ਦਾ ਆਪਣਾ ਵੱਖਰਾ ਜੀਵਨ-ਅਨੁਭਵ, ਦ੍ਰਿਸ਼ਟੀਕੋਣ ਤੇ ਪ੍ਰਸਥਿਤੀਆਂ ਹਨ। ਇਸੇ ਲਈ ਹਰੇਕ ਦੀ ਜੀਵਨ ਗਾਥਾ ਵੀ ਦੂਸਰਿਆਂ ਨਾਲੋਂ ਵਿਲੱਖਣ ਹੁੰਦੀ ਹੈ। ਸਵੈ-ਜੀਵਨੀ ਉਹ ਵਿਸ਼ੇਸ਼ ਸਾਹਿਤਕ ਵਿਧਾ ਹੈ ਜਿਸ ਰਾਹੀਂ ਉਹ ਆਪਣੀ ਇਸ ਦਾਸਤਾਂ ਨੂੰ ਸਭ ਨਾਲ ਸਾਂਝਿਆ ਕਰਦਾ ਹੈ। ਇਸ ਦੇ ਮਾਧਿਅਮ ਰਾਹੀਂ ਹੀ ਕਿਸੇ ਮਨੁੱਖ ਦੇ ਜੀਵਨ ਸੰਘਰਸ਼ ਨੂੰ ਸਮਝਿਆ/ਜਾਣਿਆ ਜਾ ਸਕਦਾ ਹੈ। ਤੇ ਅਜੋਕੇ ਯੁੱਗ ਵਿੱਚ ਮਨੁੱਖ ਹੁਣ ਬੀਤੇ ਸਮੇਂ ਦੀ ਤਰ੍ਹਾਂ ਨਾਇਕ ਵਜੋਂ ਨਹੀਂ ਬਲਕਿ ਮੁੱਖ ਪਾਤਰ ਦੇ ਤੌਰ' ਤੇ ਸਵੈ-ਜੀਵਨੀ ਵਿੱਚ ਵਿਚਰਦਾ ਹੈ। ਆਮ ਸਧਾਰਨ ਮਨੁੱਖ ਦੀ ਤਰ੍ਹਾਂ ਹੀ ਜੀਵਨ ਸੰਘਰਸ਼ ਕਰਦਿਆਂ ਵਿਭਿੰਨ ਪ੍ਰਸਥਿਤੀਆਂ ਦਾ ਸਾਹਮਣਾ ਕਰਦਿਆਂ, ਆਪਣੇ ਗੁਣਾਂ, ਕਮਜ਼ੋਰੀਆਂ, ਸੰਭਾਵਨਾਵਾਂ ਸਮੇਤ ਸਾਡੇ ਸਨਮੁੱਖ ਪੇਸ਼ ਹੁੰਦਾ ਹੈ।*

**Keywords (ਕੀਵਰਡਸ):** *ਮਾਨਵਵਾਦ, ਚਿੰਤਨ,ਚੇਤਨਾ-ਪ੍ਰਵਾਹ, ਦੁਖਾਂਤ, ਵਿਸ਼ਲੇਸ਼ਣ, ਨਾਰਸਿਸਟ, ਸੰਵੇਦਨਾ, ਬਿਰਤਾਂਤ.*

## ਸਵੈ-ਜੀਵਨੀ: ਉਦੇਸ਼ ਅਤੇ ਸਮਾਜਿਕ ਕਰਤੱਵ

ਸਵੈ-ਜੀਵਨੀ ਰਚਨਾ ਦਾ ਉਦੇਸ਼ ਸਮਾਜਿਕ ਵੀ ਹੁੰਦਾ ਹੈ। ਇਸ ਵਿਧਾ ਰਾਹੀਂ ਸਵੈ-ਜੀਵਨੀਕਾਰ ਆਪਣੀ ਜੀਵਨ-ਯਾਤਰਾ ਵਿੱਚੋਂ ਪ੍ਰਾਪਤ ਅਨੁਭਵ ਤੇ ਤਜਰਬਿਆਂ ਨੂੰ ਦੂਸਰਿਆਂ ਨਾਲ ਸਾਂਝਾ ਕਰਦਾ ਹੈ। ਮਨੁੱਖ ਜਾਤੀ ਵਿੱਚ ਹਰ ਮਨੁੱਖ ਦੂਸਰੇ ਤੋਂ ਅਲੱਗ ਹੈ, ਭਿੰਨ ਹੈ। ਹਰੇਕ ਮਨੁੱਖ ਦਾ ਆਪਣਾ ਵੱਖਰਾ ਜੀਵਨ-ਅਨੁਭਵ, ਦ੍ਰਿਸ਼ਟੀਕੋਣ ਤੇ ਪ੍ਰਸਥਿਤੀਆਂ ਹਨ। ਇਸੇ ਲਈ ਹਰੇਕ ਦੀ ਜੀਵਨ ਗਾਥਾ ਵੀ ਦੂਸਰਿਆਂ ਨਾਲੋਂ ਵਿਲੱਖਣ ਹੁੰਦੀ ਹੈ। ਸਵੈ-ਜੀਵਨੀ ਉਹ ਵਿਸ਼ੇਸ਼ ਸਾਹਿਤਕ ਵਿਧਾ ਹੈ ਜਿਸ ਰਾਹੀਂ ਉਹ ਆਪਣੀ ਇਸ ਦਾਸਤਾਂ ਨੂੰ ਸਭ ਨਾਲ ਸਾਂਝਿਆ ਕਰਦਾ ਹੈ। ਇਸ ਦੇ ਮਾਧਿਅਮ ਰਾਹੀਂ ਹੀ ਕਿਸੇ ਮਨੁੱਖ ਦੇ ਜੀਵਨ ਸੰਘਰਸ਼ ਨੂੰ ਸਮਝਿਆ/ਜਾਣਿਆ ਜਾ ਸਕਦਾ ਹੈ। ਤੇ ਅਜੋਕੇ ਯੁੱਗ ਵਿੱਚ ਇਹ ਮਨੁੱਖ ਹੁਣ ਬੀਤੇ ਸਮੇਂ ਦੀ ਤਰ੍ਹਾਂ ਨਾਇਕ ਵਜੋਂ ਨਹੀਂ ਬਲਕਿ ਮੁੱਖ ਪਾਤਰ ਦੇ ਤੌਰ' ਤੇ ਸਵੈ-ਜੀਵਨੀ ਵਿੱਚ ਵਿਚਰਦਾ ਹੈ। ਆਮ ਸਧਾਰਨ ਮਨੁੱਖ ਦੀ ਤਰ੍ਹਾਂ ਹੀ ਜੀਵਨ ਸੰਘਰਸ਼ ਕਰਦਿਆਂ ਵਿਭਿੰਨ ਪ੍ਰਸਥਿਤੀਆਂ ਦਾ ਸਾਹਮਣਾ ਕਰਦਿਆਂ, ਆਪਣੇ ਗੁਣਾਂ, ਕਮਜ਼ੋਰੀਆਂ, ਸੰਭਾਵਨਾਵਾਂ ਸਮੇਤ ਸਾਡੇ ਸਨਮੁੱਖ ਪੇਸ਼ ਹੁੰਦਾ ਹੈ। ਜਿਵੇਂ ਸਾਰਤਰ ਦਾ ਕਥਨ ਹੈ ਕਿ ਕਿਸੇ ਮਨੁੱਖ ਦਾ ਬਹਾਦਰ ਜਾਂ ਡਰਪੋਕ ਹੋਣ ਦਾ ਲੱਛਣ ਉਸ ਦੀਆਂ ਜੀਵਨ ਪ੍ਰਸਥਿਤੀਆਂ ਵਿੱਚੋਂ ਉਤਪੰਨ ਹੁੰਦਾ ਹੈ। ਉਸ ਦੁਆਰਾ ਕੀਤੇ ਗਏ ਕਾਰਜ/ਕਰਮ, ਉਸ ਵੱਲੋਂ ਨਿਭਾਈਆਂ ਜ਼ਿੰਮੇਵਾਰੀਆਂ ਉਸਦੀ ਸ਼ਖਸੀਅਤ ਨੂੰ ਉਜਾਗਰ ਕਰਦੇ ਹਨ।

## 'ਸੁਪਨੇ ਅਤੇ ਵਾਟਾਂ': ਸ਼ਖਸੀਅਤ ਦੀਆਂ ਪਰਤਾਂ

ਇਸ ਹਵਾਲੇ ਨਾਲ ਜਦੋਂ ਅਸੀਂ 'ਸੁਪਨੇ ਅਤੇ ਵਾਟਾਂ' ਸਵੈ-ਜੀਵਨੀ ਬਾਰੇ ਚਰਚਾ ਕਰਦੇ ਹਾਂ ਤਾਂ ਲੇਖਕ ਜਰਨੈਲ ਸਿੰਘ ਹੁਰਾਂ ਦੀ ਪਰਿਵਾਰਕ ਜ਼ਿੰਮੇਵਾਰੀਆਂ ਪ੍ਰਤਿ ਸੁਹਿਰਦਤਾ, ਸਮਾਜਕ ਕਾਰਜ ਲਈ ਦਲੇਰੀ, ਕੰਮਕਾਜ ਦੌਰਾਨ ਸੰਸਥਾਵਾਂ ਪ੍ਰਤਿ ਵਫ਼ਾਦਾਰੀ, ਇਮਾਨਦਾਰੀ ਤੇ ਪ੍ਰਤਿਬੱਧਤਾ, ਸਾਹਿਤ ਨਾਲ ਘਨਿਸ਼ਠਤਾ ਤੇ ਪ੍ਰਬੀਨਤਾ ਉਹ ਲੱਛਣ ਹਨ ਜੋ ਉਨ੍ਹਾਂ ਦੇ ਚਰਿਤਰ ਪਹਿਚਾਣ ਦੇ ਮੁੱਖ ਸੂਤਰ ਬਣਦੇ ਹਨ। ਪਰਿਵਾਰਕ ਪੱਧਰ ਉੱਪਰ ਉਹ ਪੁੱਤਰ, ਭਰਾ, ਪਤੀ, ਪਿਤਾ, ਦਾਦੇ ਦੇ ਤੌਰ 'ਤੇ ਆਪਣੀਆਂ ਜ਼ਿੰਮੇਵਾਰੀਆਂ ਸੁਹਿਰਦਤਾ ਨਾਲ ਨਿਭਾਉਂਦੇ ਦਿਖਾਈ ਦਿੰਦੇ ਹਨ, ਦੇਸ਼ ਤੇ ਸਮਾਜ ਪ੍ਰਤਿ ਕਰਤੱਵ ਨੂੰ ਉਹ ਭਾਰਤੀ ਏਅਰ ਫੋਰਸ ਵਿੱਚ ਸ਼ਾਮਿਲ ਹੋ ਕੇ ਪੂਰਾ ਕਰਦੇ ਹਨ, ਉਪਰੰਤ ਪਰਵਾਸ ਧਾਰਨ ਕਰਨ ਤੋਂ ਬਾਅਦ ਕੀਤੇ ਗਏ ਕਿੱਤਿਆਂ ਨੂੰ ਪੂਰੀ ਤਨਦੇਹੀ ਤੇ ਅਨੁਸ਼ਾਸਿਤ ਤਰੀਕੇ ਨਾਲ ਨਿਭਾਉਂਦੇ ਹਨ। ਸਾਹਿਤਕ ਖੇਤਰ ਵਿੱਚ ਉਹ ਖੋਜੀ ਸਰੂਪ ਵਾਲੇ ਸਿਰਜਕ ਵਜੋਂ ਆਪਣੀ ਮਹੱਤਵਪੂਰਨ ਭੂਮਿਕਾ ਅਦਾ ਕਰਦੇ ਦਿਖਾਈ ਦਿੰਦੇ ਹਨ। ਆਪਣੇ ਸਹਿਕਰਮੀਆਂ ਤੇ ਦੋਸਤ ਵਰਗ ਨਾਲ ਸੁਖਦ ਵਿਵਹਾਰ ਕਰਦੇ ਨਜ਼ਰ ਆਉਂਦੇ ਹਨ। ਇਹਨਾਂ ਵਿਭਿੰਨ ਭੂਮਿਕਾਵਾਂ ਰਾਹੀਂ ਉਹਨਾਂ ਦੀ ਸ਼ਖਸੀਅਤ ਗੰਭੀਰ, ਚਿੰਤਨੀ, ਸੰਵੇਦਨਸ਼ੀਲ ਤੇ ਮਾਨਵਵਾਦੀ ਦ੍ਰਿਸ਼ਟੀਕੋਣ ਵਾਲੀ ਉਭਰਦੀ ਹੈ।

## ਘਟਨਾਵਾਂ ਦੀ ਚੋਣ ਵਿੱਚ ਸੰਤੁਲਨ

ਸਵੈ-ਜੀਵਨੀਕਾਰ ਲਈ ਘਟਨਾਵਾਂ ਦੀ ਚੋਣ ਬਹੁਤ ਅਹਿਮੀਅਤ ਰੱਖਦੀ ਹੈ। ਕਿਉਂਕਿ ਇਸ ਰਾਹੀਂ ਹੀ ਚਰਿਤਰ ਵਿਕਾਸ ਸਬੰਧੀ ਜਾਣਕਾਰੀ ਪ੍ਰਸਤੁਤ ਕੀਤੀ ਜਾ ਸਕਦੀ ਹੈ। ਬਿਰਤਾਂਤਕ ਪੇਸ਼ਕਾਰੀ ਵਿੱਚ ਸਵੈ ਪ੍ਰਸੰਗ ਤੇ ਸਵੈ ਸੰਜਮ ਵਿੱਚ ਸੰਤੁਲਨ ਕਾਇਮ ਰੱਖਣਾ ਜ਼ਰੂਰੀ ਹੋ ਜਾਂਦਾ ਹੈ। ਜੀਵਨ ਦੀਆਂ ਨਾਂਹ-ਮੁਖੀ ਤੇ ਹਾਂ-ਮੁਖੀ ਦੋਵੇਂ ਪ੍ਰਕਾਰ ਦੀਆਂ ਘਟਨਾਵਾਂ ਦੀ ਚੋਣ ਮਹੱਤਵਪੂਰਨ ਬਣ ਜਾਂਦੀ ਹੈ। ਮਹਾਤਮਾ ਗਾਂਧੀ ਦੀ ਸਵੈ-ਜੀਵਨੀ ਵਿੱਚ ਪੇਸ਼ ਬਚਪਨ ਦੀਆਂ ਬੁਰੀਆਂ ਆਦਤਾਂ ਦੀ ਪੇਸ਼ਕਾਰੀ ਰਾਹੀਂ ਮਨੁੱਖੀ ਵਿਹਾਰ ਨੂੰ ਢਾਲਣ ਵਾਲੀਆਂ ਪ੍ਰਸਥਿਤੀਆਂ ਤੇ ਫੋਕਸ ਕੀਤਾ ਗਿਆ ਤੇ ਇੰਝ ਮਾਨਵੀ ਹੋਂਦ ਨੂੰ ਵਧੇਰੇ ਸੰਭਾਵਿਤ ਤਰੀਕੇ ਨਾਲ ਦਰਸਾਇਆ ਗਿਆ ਹੈ। ਇਸੇ ਤੱਤ ਦਾ ਹੀ ਅਨੁਸਰਣ ਕਰਨ ਦਾ ਯਤਨ ਕਰਦੀਆਂ ਲਿਖੀਆਂ ਗਈਆਂ ਕਈ ਸਵੈ-ਜੀਵਨੀਆਂ ਲੇਖਕ ਦੀਆਂ ਉਲਾਰ ਬਿਰਤੀਆਂ ਨੂੰ ਵਿਸ਼ੇਸ਼ਤਾ ਬਣਾ ਕੇ ਪੇਸ਼ ਕਰਨ ਦੀ ਕੋਸ਼ਿਸ਼ ਵਿੱਚ ਘਟਨਾਵਾਂ ਦੀ ਚੋਣ ਵਿੱਚ ਅਸੰਤੁਲਿਤ ਹੁੰਦੀਆਂ ਵੀ ਦਿਖਾਈ ਦਿੰਦੀਆਂ ਹਨ। ਸਾਰਤਰ ਠੀਕ ਹੀ ਕਹਿੰਦਾ ਹੈ ਕਿ ਸਾਡੀ ਚੋਣ ਹੀ ਹੋਂਦ ਨਿਰਧਾਰਿਤ ਕਰਦੀ ਹੈ। ਇਸ ਸਵੈ-ਜੀਵਨੀ' ਤੇ ਧਿਆਨ ਕੇਂਦਰਿਤ ਕਰੀਏ ਤਾਂ ਲੇਖਕ ਘਟਨਾਵਾਂ ਦੀ ਚੋਣ ਵਿੱਚ ਸੰਤੁਲਨ ਕਾਇਮ ਰੱਖਦਾ ਹੈ ਤੇ ਇਨ੍ਹਾਂ ਰਾਹੀ ਸ਼ਖਸੀਅਤ ਵਿਕਾਸ ਦੇ ਵਿਭਿੰਨ ਪਹਿਲੂ ਪਾਠਕ ਸਾਹਮਣੇ ਪੇਸ਼ ਹੁੰਦੇ ਹਨ। ਜੀਵਨ ਵਿਕਾਸ ਕ੍ਰਮ ਅਨੁਸਾਰ ਤਰਤੀਬਵਾਰ ਪੇਸ਼ ਇਹਨਾਂ ਘਟਨਾਵਾਂ ਦੀ ਸੁਹਿਰਦ, ਸਪੱਸ਼ਟ ਜੀਵਨ ਦ੍ਰਿਸ਼ਟੀਕੋਣ ਤੇ ਤੱਥਾਤਮਕ ਵੇਰਵਿਆਂ ਦੀ ਮੌਜੂਦਗੀ ਵਾਲੀ ਪੇਸ਼ਕਾਰੀ ਰਾਹੀਂ ਲੇਖਕ ਪਾਠਕ ਦਾ ਭਰੋਸਾ ਜਿੱਤਣ ਵਿੱਚ ਸਫ਼ਲ ਹੁੰਦਾ ਹੈ ਤੇ ਪਾਠਕ ਮਨ ਵਿੱਚ ਕਿਸੇ ਕਿਸਮ ਦੀ ਦੁਬਿਧਾ, ਸ਼ੱਕ ਆਦਿ ਉਤਪੰਨ ਹੋਣ' ਤੇ ਰੋਕ ਲਗਾਈ ਰੱਖਦਾ ਹੈ।

## ਇਤਿਹਾਸਕਤਾ ਦਾ ਸੂਝ ਮਾਡਲ

ਸਵੈ-ਜੀਵਨੀ ਰਚਨਾ ਦਾ ਸੂਝ-ਮਾਡਲ ਇਤਿਹਾਸਕਤਾ ਹੁੰਦਾ ਹੈ। ਇਸ ਇਤਿਹਾਸ ਨੂੰ ਜੀਵਨ ਅਨੁਭਵ ਵਜੋਂ ਵਿਸ਼ਲੇਸ਼ਿਤ ਕਰਕੇ ਬਾਕੀਆਂ ਵਾਸਤੇ ਬਤੌਰ ਅਗਵਾਈ ਵੀ ਪੇਸ਼ ਕੀਤਾ ਜਾਂਦਾ ਹੈ। ਲੀਅਨ ਟ੍ਰਿਲਿੰਗ ਆਪਣੇ ਇੱਕ ਲੇਖ 'ਦੀ ਸੈਂਸ ਆਫ਼ ਦੀ ਪਾਸਟ' ਵਿੱਚ ਲਿਖਦਾ ਹੈ ਕਿ ਸਾਹਿਤ ਦਾ ਕੋਈ ਵੀ ਰੂਪ ਆਪਣੇ ਅਤੀਤ ਨਾਲ ਪਰੰਪਰਾ ਵਜੋਂ ਬੱਝਾ ਹੁੰਦਾ ਹੈ ਭਾਵੇਂ ਉਹ ਕਿਸੇ ਨਿਰੰਤਰਤਾ ਵਿੱਚ ਸ਼ਾਮਿਲ ਹੋ ਕੇ ਪੇਸ਼ ਹੋ ਰਿਹਾ ਹੋਵੇ ਜਾਂ ਹਟਵੇਂ ਰੂਪ ਵਿੱਚ। ਉਸਦਾ ਅਤੀਤ ਨਾਲੋਂ ਸੰਪਰਕ ਕਦੇ ਵੀ ਨਹੀਂ ਟੁੱਟਦਾ। ਇਤਿਹਾਸ ਸਾਹਿਤ ਦਾ ਉਹ ਸੁਹਜ-ਅਨੁਭਵ ਹੁੰਦਾ ਹੈ ਜਿਸ ਦੇ ਅਨੁਸਾਰ ਹੀ ਉਹ ਆਪਣਾ ਰੂਪ ਧਾਰਦਾ ਹੈ।[1] ਸਵੈ-ਜੀਵਨੀ ਸਾਹਿਤ ਰੂਪ ਜਾਂ ਵਿਸ਼ੇਸ਼ ਤੌਰ 'ਤੇ ਅਤੀਤ ਨੂੰ ਸੁਹਜ-ਅਨੁਭਵ ਵਜੋਂ ਅਪਣਾਉਂਦਾ ਹੈ ਤੇ ਇਸ ਰਾਹੀਂ ਹਾਸਿਲ ਅਨੁਭਵਾਂ ਨੂੰ ਦੂਸਰਿਆਂ ਦੀ ਅਗਵਾਈ ਲਈ ਪੇਸ਼ ਕਰਦਾ ਹੈ। ਪੁਸਤਕ ਦੀ ਭੂਮਿਕਾ ਵਿੱਚ ਜਰਨੈਲ ਸਿੰਘ ਲਿਖਦੇ ਹਨ:

*ਵਕਤ ਨੇ ਮੈਨੂੰ ਜਿਨ੍ਹਾਂ ਵਾਟਾਂ ਤੇ ਤੋਰਿਆ, ਉਨ੍ਹਾਂ ਤੇ ਹੀ ਤੁਰੇ ਰਹਿਣਾ ਮੇਰੇ ਸੁਪਨਿਆਂ ਨੂੰ ਪ੍ਰਵਾਨ ਨਹੀਂ ਸੀ। ਸੁਪਨਿਆਂ ਨੂੰ ਸਾਕਾਰ ਕਰਨ ਲਈ ਮੈਂ ਵਾਟਾਂ ਨੂੰ ਸਾਜ਼ਗਾਰ ਵੀ ਬਣਾਇਆ ਅਤੇ ਨਵੇਂ ਮੋੜ ਵੀ ਕੱਟੇ। ਨਵੇਂ ਮੋੜ ਕੱਟਣ ਲਈ ਸਵੈ-ਵਿਸ਼ਵਾਸ ਤੇ ਸੰਘਰਸ਼ ਦੀ ਲੋੜ ਹੁੰਦੀ ਹੈ। ਇਹ ਦੋਵੇਂ ਗੁਣ ਮੈਨੂੰ ਵਿਰਸੇ ਵਿੱਚ ਮਿਲੇ ਹੋਏ ਹਨ।*[2]

ਸੁਪਨਿਆਂ ਨੂੰ ਸਾਕਾਰ ਕਰਨ ਤਕ ਦੀ ਇਸ ਯਾਤਰਾ ਦੇ ਪਿਛੋਕੜ ਨੂੰ ਲੇਖਕ ਵਿਭਿੰਨ ਘਟਨਾਵਾਂ ਰਾਹੀਂ ਅੰਕਿਤ ਕਰਦਾ ਹੈ; ਇਸਦੇ ਅੰਤਰਗਤ ਕਿਸਾਨੀ ਪਰਿਵਾਰ ਨਾਲ ਸੰਬੰਧਿਤ ਉਹ ਤਿੰਨ ਵਿਭਿੰਨ ਨੌਕਰੀਆਂ ਨੂੰ ਪੂਰੀ ਤਨਦੇਹੀ ਨਾਲ ਕਰਦਾ ਹੋਇਆ ਵਿਖਿਆਤ ਲੇਖਕ ਬਣਨ ਤਕ ਦੇ ਜੀਵਨ ਸੰਘਰਸ਼ ਨੂੰ ਉਲੀਕਦਾ ਹੈ।

## ਸਮ੍ਰਿਤੀ ਅਤੇ ਚੇਤਨ ਪ੍ਰਵਾਹ ਧਾਰਾ

ਸਵੈ-ਜੀਵਨੀ ਦਾ ਵਸਤੂ ਕਿਉਂਕਿ ਲੇਖਕ ਦਾ ਆਪਣਾ ਜੀਵਨ-ਬਿਰਤਾਂਤ ਹੁੰਦਾ ਹੈ ਜਿਸਦੀ ਪ੍ਰਸਤੁਤੀ ਵਿਚ ਜ਼ਿਆਦਾਤਰ ਸਮ੍ਰਿਤੀ ਹੀ ਵਸਤੂ-ਸਮੱਗਰੀ ਮੁਹੱਈਆ ਕਰਵਾਉਂਦੀ ਹੈ ਅਤੇ ਸਮ੍ਰਿਤੀ ਚੇਤਨ ਪ੍ਰਵਾਹ ਧਾਰਾ (Stream of consciousness) ਦੀ ਤਕਨੀਕ ਰਾਹੀਂ ਕਿਰਿਆਸ਼ੀਲ ਹੁੰਦੀ ਹੈ। ਬੇਸ਼ਕ ਅਸਲ ਜ਼ਿੰਦਗੀ ਵਿੱਚ ਘਟਨਾਵਾਂ ਸਮੇਂ ਦੇ ਭੂਤ, ਵਰਤਮਾਨ, ਭਵਿੱਖ ਦੇ ਮਕੈਨੀਕਲ ਰੂਪ ਵਿੱਚ ਵਾਪਰਦੀਆਂ ਹਨ ਪਰੰਤੂ ਸਵੈ-ਜੀਵਨੀਕਾਰ ਇਹਨਾਂ ਨੂੰ ਹੂ-ਬ-ਹੂ ਉਸੇ ਤਰ੍ਹਾਂ ਪੇਸ਼ ਨਹੀਂ ਕਰਦਾ ਸਗੋਂ ਸਮ੍ਰਿਤੀ ਦੇ ਆਧਾਰ' ਤੇ ਉਹਨਾਂ ਵਿਚੋਂ ਗੈਰ-ਜ਼ਰੂਰੀ ਘਟਨਾਵਾਂ, ਵੇਰਵਿਆਂ ਨੂੰ ਛੱਡਦਾ ਹੋਇਆ ਸਮ੍ਰਿਤੀ ਵਿੱਚ ਸਾਂਭੀਆਂ ਮਹੱਤਵਪੂਰਨ ਘਟਨਾਵਾਂ ਨੂੰ ਹੀ ਕਲਾਤਮਕ ਵਿਉਂਤਬੱਧੀ ਰਾਹੀਂ ਉਲੀਕਦਾ ਹੈ। ਇਸ ਸਵੈ-ਜੀਵਨੀ ਵਿਚਲੇ ਜੀਵਨ-ਵੇਰਵਿਆਂ ਦੀ ਪੇਸ਼ਕਾਰੀ ਵਿੱਚ ਲੇਖਕ ਨੇ ਸਮ੍ਰਿਤੀ ਦਾ ਪ੍ਰਯੋਗ ਬਹੁਤ ਪ੍ਰਬੀਨਤਾ ਨਾਲ ਕੀਤਾ ਹੈ। ਫਿਰ ਚਾਹੇ ਉਹ ਕਈ ਸਾਲ ਪਹਿਲਾਂ ਵਾਪਰਿਆਂ ਘਟਨਾ-ਕ੍ਰਮ ਹੀ ਕਿਉਂ ਨਾ ਹੋਵੇ; ਭਾਵੇਂ ਬਚਪਨ, ਪਰਿਵਾਰਕ ਵਿਰਸਾ, ਪਿੰਡ ਨਾਲ ਸੰਬੰਧਿਤ ਯਾਦਾਂ ਤੇ ਭਾਵੇਂ ਏਅਰ ਫੋਰਸ ਨਾਲ ਸੰਬੰਧਿਤ। ਮਿਸਾਲ ਦੇ ਤੌਰ 'ਤੇ 'ਮੇਰਾ ਪਿੰਡ' ਅਧਿਆਇ ਵਿੱਚ ਲੇਖਕ ਸਮਕਾਲੀ ਪੰਜਾਬੀ ਪਿੰਡ ਦੀ ਬਣਤਰ, ਸਰੂਪ, ਵਿਭਿੰਨ ਕਿੱਤਿਆਂ ਨਾਲ ਵਾਬਸਤਾ ਜਾਣਕਾਰੀ, ਪਿੰਡ ਦੇ ਲੋਕਾਂ ਵਿਚਲੀ ਆਪਸੀ ਸਹਿਯੋਗ ਪਰੰਪਰਾ, ਭਾਈਚਾਰਕ ਸਾਂਝ, ਫਸਲਾਂ, ਰਸਮਾਂ -ਰੀਤਾਂ, ਮਨੋਰੰਜਨ ਸਾਧਨਾਂ, ਧਾਰਮਿਕ ਮਨੌਤਾਂ, ਜਾਤ-ਪਾਤ, ਆਰਥਿਕਤਾ, ਵਿਦਿਅਕ ਪ੍ਰਣਾਲੀ ਆਦਿ ਸਭ ਬਾਰੇ ਚਰਚਾ ਕਰਦਾ ਹੈ।

## ਇਤਿਹਾਸਕ ਅਤੇ ਸਮਾਜਿਕ ਦਸਤਾਵੇਜ਼

ਸਵੈ-ਜੀਵਨੀ ਕੇਵਲ ਸਾਹਿਤਕ ਕਿਰਤ ਹੀ ਨਹੀਂ ਹੁੰਦੀ ਸਗੋਂ ਇੱਕ ਤਰ੍ਹਾਂ ਨਾਲ ਇਤਿਹਾਸਕ ਦਸਤਾਵੇਜ਼ ਹੋਣ ਦੀ ਭੂਮਿਕਾ ਵੀ ਨਿਭਾਉਂਦੀ ਹੈ। ਇਸ ਵਿੱਚ ਸਵੈ-ਜੀਵਨੀਕਾਰ ਆਪਣੇ ਜੀਵਨ ਵੇਰਵਿਆਂ ਦੇ ਨਾਲ ਸਮਕਾਲੀ ਸਮਾਜ ਤੇ ਇਤਿਹਾਸਕ ਘਟਨਾ-ਕ੍ਰਮ ਉੱਪਰ ਵੀ ਧਿਆਨ ਕੇਂਦਰਿਤ ਕਰਦਾ ਹੈ। ਚਰਚਾ ਅਧੀਨ ਸਵੈ-ਜੀਵਨੀ ਵਿੱਚ ਲੇਖਕ ਜੈਤੋ ਦੇ ਮੋਰਚੇ, ਭਾਰਤ-ਪਾਕਿ ਦੀ 1965 ਦੀ ਜੰਗ, ਪੰਜਾਬ ਸੰਕਟ, ਕਰੋਨਾ ਕਾਲ, ਕਿਸਾਨ ਅੰਦੋਲਨ ਤਕ ਦੇ ਘਟਨਾ ਕ੍ਰਮ ਬਾਰੇ ਜ਼ਿਕਰਯੋਗ ਜਾਣਕਾਰੀ ਸਾਂਝੀ ਕਰਦਾ ਹੈ। ਇਕ ਸਮਾਜ ਵਿਗਿਆਨੀ ਦੀ ਤਰ੍ਹਾਂ ਪੰਜਾਬ, ਭਾਰਤ ਦੇ ਦੂਸਰੇ ਪ੍ਰਾਂਤਾਂ, ਇੰਗਲੈਂਡ, ਕੈਨੇਡਾ ਆਦਿ ਦੇ ਸਮਾਜ-ਸਭਿਆਚਾਰ ਦਾ ਵੀ ਗੰਭੀਰ ਮੁਤਾਲਿਆ ਕਰਦਾ ਹੈ। ਇਕ ਸਫ਼ਰਨਾਮਾਕਾਰ ਦੀ ਤਰ੍ਹਾਂ ਇਹਨਾਂ ਸਥਾਨਾਂ ਦੇ ਭੂਗੋਲਿਕ, ਆਰਥਿਕ, ਇਤਿਹਾਸਕ, ਰਾਜਨੀਤਕ, ਸਭਿਆਚਾਰਕ, ਭਾਸ਼ਾਈ ਆਦਿ ਪੱਖਾਂ ਬਾਰੇ ਜਾਣਕਾਰੀ ਦਿੰਦਾ ਹੋਇਆ ਪੰਜਾਬੀ ਸਮਾਜ ਸਭਿਆਚਾਰ ਨਾਲ ਉਹਨਾਂ ਦੀ ਤੁਲਨਾ ਵੀ ਕਰਦਾ ਹੈ। ਇਸ ਦੀ ਪੁਸ਼ਟੀ ਅਧਿਆਇ ਏਅਰ ਫੋਰਸ ਵਿੱਚ ਪਹਿਲੀ ਭਰਤੀ, ਸਮੁੰਦਰ ਨਾਲ ਦੋਸਤੀ, ਤਾਂਬਰਮ (ਚੇਨਈ) ਵਿਚ ਕਨਵਰਸਨ ਕੋਰਸ, ਤਾਜ ਮਹੱਲ, ਖ਼ੂਬਸੂਰਤ ਪਾਰਕਾਂ ਦੇ ਸ਼ਹਿਰ ਪੁਣੇ ਵਿੱਚ, ਸੁਕਆਰਡਨ ਦਾ ਨਵਾਂ ਮੁਕਾਮ ਜੋਧਪੁਰ, ਇੰਗਲੈਂਡ ਵਿੱਚ ਖੁਸ਼ੀਆਂ ਭਰੇ 20 ਦਿਨ, ਇਮੀਗਰਾਂਟਾਂ ਦੇ ਦੇਸ਼ ਕੈਨੇਡਾ ਵਿੱਚ, ਕੈਨੇਡਾ ਦੀ ਪੂਰਬ ਤੋਂ ਪੱਛਮ ਤਕ ਯਾਤਰਾ ਆਦਿ ਦੇਖੇ ਜਾ ਸਕਦੇ ਹਨ। ਮਿਸਾਲ ਦੇ ਤੌਰ' ਤੇ ਇਹ ਅੰਸ਼ ਦੇਖਿਆ ਜਾ ਸਕਦਾ ਹੈ:

*ਜੋਧਪੁਰ' ਚ ਕਿਲੇ ਤਾਂ ਹੋਰ ਵੀ ਹਨ ਪਰ ਮੇਹਰਾਂਗੜ੍ਹ ਕਿਲਾ ਵਧੇਰੇ ਮਸ਼ਹੂਰ ਹੈ।... 122 ਮੀਟਰ ਉੱਚੀ ਪਹਾੜੀ' ਤੇ ਸਥਿਤ ਇਸ ਕਿਲੇ ਦੇ ਸੱਤ ਗੇਟ ਹਨ, ਰਾਜੇ ਰਾਓ ਜੋਧਾ ਨੇ ਇਸਨੂੰ ਪੰਦਰਵੀਂ ਸਦੀ' ਚ ਬਣਵਾਇਆ ਸੀ। ਖੁੱਲੇ ਵਿਹੜਿਆਂ ਅਤੇ ਹੁਨਰਮੰਦੀ ਨਾਲ ਸਜਾਈਆਂ ਥਾਵਾਂ ਵਾਲਾ ਇਹ ਕਿਲਾ 1200 ਏਕੜ ਵਿੱਚ ਫੈਲਿਆ ਹੋਇਆ ਹੈ। ਕਿਲੇ ਵਿੱਚ ਮੋਤੀ ਮਹਿਲ,*

*ਫੂਲ ਮਹਿਲ, ਸ਼ੀਸ਼ ਮਹਿਲ ਦੇਖਣ ਉਪਰੰਤ ਅਸੀਂ 'ਦੌਲਤਖਾਨਾ' ਨਾਂ ਦੇ ਮਿਊਜ਼ੀਅਮ ਅੰਦਰ ਜਾ ਵੜੇ। ਮਿਊਜ਼ੀਅਮ ਵਿੱਚ ਵੱਖ-ਵੱਖ ਸਮਿਆਂ ਦੇ ਰਾਜਿਆਂ ਦੇ ਜ਼ੱਰਾਬਕਤਰ, ਗੈਂਡੇ ਦੇ ਸਿੰਗਾਂ, ਹਾਥੀ ਦੰਦ ਤੇ ਕੀਮਤੀ ਪੱਥਰਾਂ ਦੇ ਮੁੱਠੇ ਵਾਲੀਆਂ ਤਲਵਾਰਾਂ ਤੇ ਹੋਰ ਹਥਿਆਰ ਸਾਂਭੇ ਹੋਏ ਹਨ।* [3]

## ਸਾਹਿਤਕ ਸਫ਼ਰ ਅਤੇ ਸਿਰਜਨ ਪ੍ਰਕਿਰਿਆ

ਭਾਵੇਂ ਕਿ ਕਈ ਪੰਜਾਬੀ ਸਾਹਿਤਕਾਰਾਂ ਵੱਲੋਂ ਆਪਣੀਆਂ ਸਵੈ-ਜੀਵਨੀਆਂ ਦੀ ਰਚਨਾ ਕੀਤੀ ਗਈ ਹੈ। ਪਰੰਤੂ ਉਹਨਾਂ ਨੇ ਆਪਣੇ ਦੁਆਰਾ ਰਚਿਤ ਸਾਹਿਤ ਤੇ ਪੜ੍ਹੀਆਂ ਹੋਈਆਂ ਹੋਰਨਾਂ ਪੁਸਤਕਾਂ ਬਾਰੇ ਸੀਮਤ ਜਾਣਕਾਰੀ ਹੀ ਮੁਹੱਈਆ ਕਰਵਾਈ ਹੈ। ਗੁਰਬਖਸ਼ ਸਿੰਘ ਪ੍ਰੀਤਲੜੀ 'ਮੰਜ਼ਿਲ ਦਿਸ ਪਈ' ਵਿਚ ਪੜ੍ਹੀਆਂ ਹੋਈਆਂ ਵਿਸ਼ਵ ਪ੍ਰਸਿੱਧ ਪੁਸਤਕਾਂ ਦਾ ਜ਼ਿਕਰ ਕਰਦੇ ਹਨ। ਪਰੰਤੂ ਜਿਸ ਤਰ੍ਹਾਂ ਸਾਰਤਰ ਦੀ ਪੁਸਤਕ 'ਵਰਡਜ਼' ਵਿੱਚ ਉਸਨੇ ਆਪਣੇ ਦੁਆਰਾ ਰਚਿਤ ਅਤੇ ਪੜ੍ਹੀਆਂ ਗਈਆਂ ਪੁਸਤਕਾਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਹੈ ਅਜਿਹੀ ਮਿਸਾਲ ਪੰਜਾਬੀ ਸਾਹਿਤ ਵਿੱਚ ਬਹੁਤ ਸੀਮਤ ਹੈ। ਇਸ ਦ੍ਰਿਸ਼ਟੀਕੋਣ ਤੋਂ ਵਾਚੀਏ ਤਾਂ ਜਰਨੈਲ ਸਿੰਘ ਆਪਣੀ ਇਸ ਸਵੈ-ਜੀਵਨੀ ਰਾਹੀਂ ਆਪਣੇ ਸਮੁੱਚੇ ਸਾਹਿਤਕ ਸਫ਼ਰ ਬਾਰੇ ਗਹਿਨ ਵਿਚਾਰ ਪੇਸ਼ ਕਰਦੇ ਹਨ। ਆਪਣੀ ਸਿਰਜਨ ਪ੍ਰਕਿਰਿਆ, ਰਚਿਤ ਕਹਾਣੀ-ਸੰਗ੍ਰਹਿਆਂ ਦੇ ਪਿਛੋਕੜ, ਪ੍ਰੇਰਨਾ, ਵਸਤੂ, ਸ਼ਿਲਪ ਸਬੰਧੀ ਵਿਸਤ੍ਰਿਤ ਤੇ ਆਲੋਚਨਾਤਮਕ ਵਿਚਾਰ -ਚਰਚਾ ਕਰਦੇ ਹਨ। ਇਸ ਸਵੈ-ਜੀਵਨੀ ਦਾ ਇਹ ਉਹ ਸਭ ਤੋਂ ਮਹੱਤਵਪੂਰਨ ਪਾਸਾਰ ਹੈ ਜੋ ਪਾਠਕਾਂ/ਸਾਹਿਤ ਖੋਜੀਆਂ-ਚਿੰਤਕਾਂ ਲਈ ਲੇਖਕ ਦੀ ਰਚਨਾ ਨੂੰ ਸਮਝਣ/ ਸਮਝਾਉਣ/ ਅਧਿਐਨ ਕਰਨ ਲਈ ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ। ਇਸਦੇ ਨਾਲ ਹੀ ਪੰਜਾਬੀ ਸਵੈ-ਜੀਵਨੀ ਪਰੰਪਰਾ ਵਿਚ ਇਕ ਨਵੀਨ ਤੇ ਵਿਲੱਖਣ ਪਾਸਾਰ ਵੀ ਸ਼ਾਮਿਲ ਕਰਦਾ ਹੈ ਤੇ ਇਸਨੂੰ ਹੋਰ ਵਧੇਰੇ ਸਮ੍ਰਿਧਤਾ ਪ੍ਰਦਾਨ ਕਰਦਾ ਹੈ।

ਇਸ ਪੁਸਤਕ ਦੇ ਅਧਿਆਇ ਜਿਵੇਂ ਪਲੇਠਾ ਕਹਾਣੀ-ਸੰਗ੍ਰਹਿ; ਮੈਨੂੰ ਕੀ, ਕਹਾਣੀਆਂ ਦਾ ਰਿਸ਼ਤਾ ਕਿਸਾਨਾਂ ਤੇ ਫੌਜੀਆਂ ਨਾਲ, ਕਥਾਵਾਂ ਹੋਈਆਂ ਲੰਮੀਆਂ, ਕਹਾਣੀ-ਸੰਗ੍ਰਹਿ ਦੋ ਟਾਪੂ ਦੀਆਂ ਰਚਨਾਤਮਕ ਛੱਲਾਂ, ਮੇਰੀ ਰਚਨਾ ਪ੍ਰਕਿਰਿਆ ਵਿੱਚ ਤਬਦੀਲੀ, ਦੋ ਟਾਪੂ ਤੋਂ ਅਗਾਂਹ, ਕਹਾਣੀ-ਸੰਗ੍ਰਹਿ ਟਾਵਰਜ਼, ਮੇਪਲ ਦੇ ਰੰਗ, ਕਹਾਣੀ ਸੰਗ੍ਰਹਿ ਕਾਲੇ ਵਰਕੇ ਆਦਿ ਸਾਡੇ ਇਸ ਵਿਚਾਰ ਨੂੰ ਪੁਸ਼ਟੀ ਪ੍ਰਦਾਨ ਕਰਦੇ ਹਨ। ਇਹ ਅਧਿਆਇ ਲੇਖਕ ਦੀ ਰਚਨਾ ਪ੍ਰਕਿਰਿਆ, ਸਮੇਂ-ਸਮੇਂ 'ਤੇ ਕਹਾਣੀ ਕਲਾ ਵਿੱਚ ਆਏ ਪਰਿਵਰਤਨਾਂ ਸੰਬੰਧੀ ਆਲੋਚਨਾਤਮਕ ਵਿਚਾਰ ਪ੍ਰਗਟ ਕਰਦੇ ਹਨ। ਕਹਾਣੀ ਸਿਰਜਨ ਪ੍ਰਕਿਰਿਆ ਬਾਰੇ ਲੇਖਕ ਦੇ ਆਪਣੇ ਵਿਚਾਰ ਅੰਕਿਤ ਜ਼ਰੂਰੀ ਬਣ ਜਾਂਦੇ ਹਨ। ਉਸ ਅਨੁਸਾਰ:

*ਜਦੋਂ ਕੋਈ ਘਟਨਾ, ਮੁੱਦਾ ਜਾਂ ਵਿਚਾਰ ਮੇਰੇ ਸੰਵੇਦਨਸ਼ੀਲ ਮਨ ਨੂੰ ਟੁੰਬਦੇ ਹਨ ਤਾਂ ਮੈਂ ਉਹਨਾਂ ਨੂੰ ਆਪਣੇ ਮਨ ਦੀਆਂ ਡੂੰਘਾਈਆਂ ਅੰਦਰ ਸੁੱਟ ਲੈਂਦਾ ਹਾਂ। ਅੰਦਰ ਸੁੱਟੀ ਹੋਈ ਉਹ ਗੱਲ ਕਦੀ ਮਹੀਨਿਆਂ ਤੇ ਕਦੀ ਸਾਲਾਂ ਬਾਅਦ ਮੁੜ ਮੇਰੇ ਮਨ ਦੀ ਉਪਰਲੀ ਸਤਹ 'ਤੇ ਆ ਜਾਂਦੀ ਹੈ। ਇਹ ਗੱਲ ਜਿਉਂ-ਜਿਉਂ ਵਜੂਦ ਫੜਨ ਲੱਗਦੀ ਹੈ, ਮੈਂ ਆਪਣੇ ਅੰਦਰ ਅਨੋਖੀ ਜੀਹੀ ਹਲਚਲ ਮਹਿਸੂਸ ਕਰਦਾ ਹਾਂ... ਕਹਾਣੀ ਆਪਣਾ ਮੁੱਢਲਾ ਆਕਾਰ ਗ੍ਰਹਿਣ ਕਰ ਰਹੀ ਹੁੰਦੀ ਹੈ। ਆਪਣੀ ਕਲਪਨਾ ਰਾਹੀਂ ਮੈਂ ਕਹਾਣੀ ਦੇ ਇਸ ਮੁੱਢਲੇ ਆਕਾਰ ਨੂੰ, ਇਸ ਦੇ ਅੰਗਾਂ, ਰੰਗਾਂ ਤੇ ਪ੍ਰਸੰਗਾਂ ਨੂੰ ਪਾਸਾਰ-ਉਸਾਰਨ ਲੱਗ ਜਾਂਦਾ ਹਾਂ। ਪਰ ਕਲਪਨਾ ਦੇ ਆਕਾਸ਼ੀ ਉੱਡਦਾ ਹੋਇਆ ਵੀ ਮੈਂ ਧਰਤੀ ਨੂੰ ਮੁਖਾਤਿਬ ਹੁੰਦਾ ਹਾਂ।* [4]

## ਕੈਨੇਡੀਅਨ ਜੀਵਨ ਅਤੇ ਵਿਸ਼ਵ ਚੇਤਨਾ

ਉਹ ਖੋਜੀ ਬਿਰਤੀ ਦਾ ਧਾਰਨੀ ਲੇਖਕ ਹੈ, ਆਪਣੇ ਹਰ ਵਿਸ਼ੇ ਸੰਬੰਧੀ ਉਹ ਗਹਿਰੀ ਜਾਣਕਾਰੀ ਤੇ ਸੂਝ ਰੱਖਦਾ ਹੈ ਖਾਸ ਤੌਰ 'ਤੇ ਕੈਨੇਡੀਅਨ ਜੀਵਨ ਅਨੁਭਵ ਬਾਰੇ ਰਚੀਆਂ ਗਈਆਂ ਕਹਾਣੀਆਂ ਲਈ ਉਸਨੂੰ ਵਧੇਰੇ ਮੁਸ਼ੱਕਤ ਕਰਨੀ ਪਈ। ਇਸ ਬਾਰੇ ਉਹ ਲਿਖਦਾ ਹੈ:

*ਕੈਨੇਡੀਅਨ ਜੀਵਨ ਨਾਲ ਸੰਬੰਧਿਤ ਵਿਸ਼ਾ-ਵਸਤੂ ਗੁੰਝਲਦਾਰ ਹੈ। ਏਥੋਂ ਦੇ ਜੀਵਨ ਵਰਤਾਰਿਆਂ ਦੀਆਂ ਜੜ੍ਹਾਂ ਤਕ ਜਾਣ ਲਈ ਕਾਫ਼ੀ ਘੋਖ ਪੜਤਾਲ ਕਰਨੀ ਪੈਂਦੀ ਹੈ... ਪਾਤਰਾਂ ਦੇ ਤਣਾਓ, ਟਕਰਾਓ ਅਤੇ ਦਵੰਦ ਗੁੰਝਲਦਾਰ ਸਥਿਤੀਆਂ ਵਿੱਚੋਂ ਹੀ ਉਪਜਦੇ ਹਨ। ਕਹਾਣੀ ਲੰਮੀ ਹੋਣ ਕਰਕੇ ਇਸਦਾ ਪਹਿਲਾ ਰੂਪ ਲਿਖਣ ਨੂੰ ਕਈ ਮਹੀਨੇ ਲੱਗ ਜਾਂਦੇ ਹਨ। ਤੇ ਫਿਰ ਸ਼ੁਰੂ ਹੁੰਦਾ*

*ਹੈ ਕਹਾਣੀ ਨੂੰ ਕਾਂਟ ਛਾਂਟ, ਗੁੰਦਣ-ਤਰਤੀਬਣ ਅਤੇ ਇਸ ਨੂੰ ਸੰਗਠਿਤ ਬਣਾਉਣ ਦਾ ਕਾਰਜ। ਇਸ ਕਾਰਜ ਦੌਰਾਨ ਮੇਰੇ ਅੰਦਰਲਾ ਆਲੋਚਕ ਆਪਣੇ ਆਪ ਹੀ ਸਰਗਰਮ ਹੋ ਜਾਂਦਾ ਹੈ। ਮੈਂ ਥੋੜ੍ਹਾ ਲਿਖਣ ਵਾਲਾ ਲੇਖਕ ਹਾਂ। ਤਰਜੀਹ ਗਿਣਤੀ ਨੂੰ ਨਹੀਂ, ਗੁਣਾਂ ਨੂੰ ਦਿੰਦਾ ਹਾਂ।*[5]

ਲੇਖਕ ਦੇ ਪਹਿਲੇ ਤਿੰਨ ਕਹਾਣੀ ਸੰਗ੍ਰਹਿ ਮੈਨੂੰ ਕੀ, ਮਨੁੱਖ ਤੇ ਮਨੁੱਖ ਅਤੇ ਸਮੇਂ ਦੇ ਹਾਣੀ ਭਾਰਤੀ ਜੀਵਨ ਨਾਲ ਸੰਬੰਧਿਤ ਹਨ; ਇਨਾਂ ਦੀਆਂ ਕਹਾਣੀਆਂ ਵਿਸ਼ੇਸ਼ ਤੌਰ 'ਤੇ ਕਿਸਾਨੀ ਤੇ ਫੌਜੀ ਜੀਵਨ ਅਨੁਭਵ ਦੀ ਕਲਾਤਮਕ ਪੇਸ਼ਕਾਰੀ ਹਨ। ਦੋ ਟਾਪੂ, ਟਾਵਰਜ਼ ਅਤੇ ਕਾਲੇ ਵਰਕੇ ਵਿੱਚ ਕੈਨੇਡੀਅਨ ਅਨੁਭਵ ਨੂੰ ਪੇਸ਼ ਕਰਦਿਆਂ ਪਰਵਾਸ ਦੇ ਵਿਭਿੰਨ ਸਰੋਕਾਰਾਂ ਤੇ ਮੁੱਖ ਸਭਿਆਚਾਰ ਨਾਲ ਸੰਬੰਧਿਤ ਕਈ ਵਿਸ਼ਿਆਂ ਨੂੰ ਵੀ ਪ੍ਰਸਤੁਤ ਕੀਤਾ ਗਿਆ ਹੈ। ਇਸ ਤੋਂ ਵੀ ਅਗਾਂਹ ਕੁੱਝ ਕਹਾਣੀਆਂ ਰਾਹੀਂ ਸੰਸਾਰ ਪੱਧਰ 'ਤੇ ਵਾਪਰ ਰਹੀਆਂ ਘਟਨਾਵਾਂ ਦੇ ਦੁਖਾਂਤ ਨੂੰ ਸਿਰਜਦਾ ਹੋਇਆ ਵਿਸ਼ਵ ਚੇਤਨਾ ਦਾ ਪ੍ਰਗਟਾਵਾ ਕਰਦਾ ਹੈ ਤੇ ਪੂੰਜੀਵਾਦ ਤੇ ਨਵ-ਬਸਤੀਵਾਦ ਦੇ ਕਠੋਰ ਯਥਾਰਥ ਨੂੰ ਰਚਨਾਵਾਂ ਦਾ ਵਸਤੂ ਬਣਾਉਂਦਾ ਹੋਇਆ ਕਈ ਗੰਭੀਰ ਪ੍ਰਸ਼ਨ ਵੀ ਉਠਾਉਂਦਾ ਹੈ। ਲੇਖਕ ਦੀਆਂ ਕਹਾਣੀਆਂ ਦੇ ਨਾਲ ਨਾਲ ਉਸਦੀ ਸਵੈ-ਜੀਵਨੀ ਵਿੱਚੋਂ ਵੀ ਉਸਦੀ ਵਿਸ਼ਲੇਸ਼ਣਕਾਰੀ ਬਿਰਤੀ, ਆਲੋਚਨਾਤਮਕ ਸੁਰ ਤੇ ਮਾਨਵੀ ਦ੍ਰਿਸ਼ਟੀਕੋਣ ਉਭਰਦਾ ਹੈ। ਸਿਰਜਨਾਤਮਕਤਾ ਤੇ ਚਿੰਤਨ ਦੇ ਸੁਮੇਲ ਰਾਹੀਂ ਉਹ ਇਸ ਸਵੈ-ਜੀਵਨੀ ਦੇ ਮਾਧਿਅਮ ਰਾਹੀਂ ਆਪਣੀ ਜੀਵਨ ਯਾਤਰਾ ਦੌਰਾਨ ਕਿਹੜੀਆਂ ਕਿਹੜੀਆਂ ਘਟਨਾਵਾਂ ਤੇ ਅਨੁਭਵ ਇਹਨਾਂ ਕਹਾਣੀਆਂ ਦੇ ਆਧਾਰ ਬਣੇ; ਬਾਰੇ ਵੀ ਗੰਭੀਰ ਤੇ ਵਿਸਤ੍ਰਿਤ ਜਾਣਕਾਰੀ ਸਾਂਝੀ ਕਰਦਾ ਹੈ। ਕਈ ਵਾਰ ਸਾਹਿਤਕਾਰ ਜਾਂ ਕਲਾਕਾਰ ਨਾਰਸਿਸਟ ਬਿਰਤੀ ਦਾ ਸ਼ਿਕਾਰ ਹੋ ਜਾਂਦੇ ਹਨ ਪਰੰਤੂ ਜਰਨੈਲ ਸਿੰਘ ਆਪਣੇ ਜੀਵਨ ਘਟਨਾ-ਕ੍ਰਮ ਦੀ ਪੁਨਰ-ਸਿਰਜਨਾ, ਰੂਪਾਂਤਰਣ ਸਮੇਂ ਤੇ ਸਾਹਿਤ ਸਿਰਜਨਾ ਸੰਬੰਧੀ ਵੀ ਕਾਫ਼ੀ ਨਿਰਪੱਖ ਪਹੁੰਚ ਧਾਰਨ ਕਰਦਾ ਹੈ।

## ਸ਼ਿਲਪ ਦ੍ਰਿਸ਼ਟੀ ਅਤੇ ਭਾਸ਼ਾਈ ਸ਼ੈਲੀ

ਸ਼ਿਲਪ ਦ੍ਰਿਸ਼ਟੀ ਤੋਂ ਸਾਹਿਤਕਾਰਾਂ ਦੁਆਰਾ ਰਚਿਤ ਸਵੈ-ਜੀਵਨੀਆਂ ਨੂੰ ਆਲੰਕ੍ਰਿਤ ਸਵੈ-ਜੀਵਨੀਆਂ ਦੇ ਵਰਗ ਵਿੱਚ ਰੱਖਿਆ ਜਾਂਦਾ ਹੈ। ਸਾਹਿਤਕਾਰ ਹੋਣ ਦੇ ਨਾਤੇ ਸਵੈ-ਜੀਵਨੀਕਾਰ ਜਰਨੈਲ ਸਿੰਘ ਅਨੁਭਵ ਨੂੰ ਪ੍ਰਮਾਣਿਕਤਾ ਨਾਲ ਦਰਸਾਉਂਦਾ ਹੈ ਤੇ ਉਸਦੀ ਬਿਰਤਾਂਤਕ ਸ਼ੈਲੀ ਜਟਿਲ ਤੇ ਗੁੰਝਲਦਾਰ ਚਰਿਤਰ ਦੀ ਧਾਰਨੀ ਹੈ। ਵਰਨਣ ਵਿੱਚ ਬੌਧਿਕਤਾ, ਸੋਹਜ, ਸੰਜਮ, ਪ੍ਰਭਾਵਸ਼ੀਲਤਾ, ਰੌਚਿਕਤਾ, ਦ੍ਰਿਸ਼ਆਤਮਕਤਾ, ਨਿਸ਼ਕਪਟਤਾ, ਲੋਕਧਾਰਾਈ ਤੇ ਹਾਸ ਅੰਸ਼ ਆਦਿ ਵੀ ਵਿਦਮਾਨ ਹਨ। ਭਾਸ਼ਾਈ ਪੱਧਰ 'ਤੇ ਵਿਭਿੰਨ ਕਿੱਤਿਆਂ (ਕਿਸਾਨੀ, ਫੌਜ, ਬੈਂਕ) ਨਾਲ ਸੰਬੰਧਿਤ ਸ਼ਬਦਾਵਲੀ ਦੀ ਵਰਤੋਂ ਵਿਸ਼ੇਸ਼ਤਾ ਬਣਦੀ ਹੈ। ਇਹ ਸ਼ਬਦਾਵਲੀ ਕੇਵਲ ਪੰਜਾਬੀ ਪਾਠਕ ਦੇ ਸ਼ਬਦ-ਭੰਡਾਰ ਵਿੱਚ ਹੀ ਵਾਧਾ ਨਹੀਂ ਕਰਦੀ ਸਗੋਂ ਉਸਦੇ ਗਿਆਨ ਖੇਤਰ ਨੂੰ ਵੀ ਵਸੀਹ ਬਣਾਉਂਦੀ ਹੈ। ਇਸ ਸੰਦਰਭ ਵਿਚ ਇਕ ਉਦਾਹਰਣ ਦੇਖ ਸਕਦੇ ਹਾਂ:

*ਸਾਡੇ ਸੁਕਆਰਡਨ ਵਿਚ ਦੋ ਜੈੱਟ ਇੰਜਣਾਂ ਵਾਲੇ ਐਚ.ਐਚ. 24 (ਹਿੰਦੁਸਤਾਨ ਫਾਈਟਰ 24) ਨਾਂ ਦੇ ਜਹਾਜ਼ ਸਨ। ਇਸਨੂੰ 'ਮਾਰੂਤ' ਵੀ ਕਿਹਾ ਜਾਂਦਾ ਸੀ। ਭਾਰਤ ਦਾ ਇਹ ਜਹਾਜ਼ 'ਹਿੰਦੁਸਤਾਨ ਐਰੋਨੈਟਿਕਲ ਲਿਮਟਿਡ' ਨੇ ਬਣਾਇਆ ਸੀ। ਪੁਣੇ 'ਚ 'ਮਾਰੂਤ' ਦਾ ਇੱਕ ਸੁਕਆਰਡਨ ਹੋਰ ਵੀ ਸੀ। ਇਹ ਜਹਾਜ਼ 'ਡਾਗ ਫਾਈਟ' ਵਾਸਤੇ ਏਨਾ ਸਮਰੱਥ ਨਹੀਂ ਸੀ। ਪਰ ਹਵਾ ਚੋਂ ਜ਼ਮੀਨੀ ਨਿਸ਼ਾਨੇ ਫੁੰਡਣ ਵਾਲੀ ਪੂਰੀ ਤਰ੍ਹਾਂ ਸਮਰੱਥ ਸੀ। ਇਸ ਵਿੱਚ ਹਜ਼ਾਰ ਹਜ਼ਾਰ ਪੌਂਡ ਦੇ ਚਾਰ ਬੰਬ ਲੋਡ ਕੀਤੇ ਜਾ ਸਕਦੇ ਸੀ। ਲੋੜ ਅਨੁਸਾਰ ਬੰਬਾਂ ਦੇ ਸਾਈਜ਼ ਵਿੱਚ ਤਬਦੀਲੀ ਵੀ ਕੀਤੀ ਜਾ ਸਕਦੀ ਸੀ। ਗੋਲੀਆਂ ਦਾ ਮੀਂਹ ਵਰਾਉਣ ਲਈ ਚਾਰ ਗੰਨਾਂ ਫਿੱਟ ਸਨ। ਟੈਂਕਾਂ ਵਗੈਰਾ' ਤੇ ਵਿੰਨਵੇ ਵਾਰ ਕਰਨ ਲਈ ਰਾਕਟ ਵੀ ਲੋਡ ਕੀਤੇ ਜਾ ਸਕਦੇ ਸਨ।*[6]

ਸਵੈ-ਜੀਵਨੀ ਵਿੱਚ ਜਿੱਥੇ ਲੇਖਕ ਦੀ ਖੁਦ ਦੀ ਸ਼ਖਸ਼ੀਅਤ ਦੇ ਵਿਭਿੰਨ ਪੱਖਾਂ ਦੀ ਉਸਾਰੀ ਕੀਤੀ ਗਈ ਹੁੰਦੀ ਹੈ ਉੱਥੇ ਜ਼ਿੰਦਗੀ ਵਿਚ ਸ਼ਾਮਿਲ ਦੂਸਰਿਆਂ ਲੋਕਾਂ ਦੇ ਚਰਿਤਰ ਨੂੰ ਵੀ ਉਘਾੜਿਆ ਗਿਆ ਹੁੰਦਾ ਹੈ। ਉਹਨਾਂ ਤੋਂ ਪ੍ਰਾਪਤ ਅਨੁਭਵ, ਤਜ਼ਰਬਿਆਂ, ਪ੍ਰਭਾਵਾਂ ਨੂੰ ਅੰਕਿਤ ਕਰਦਾ ਹੋਇਆ ਉਹਨਾਂ ਨਾਲ ਸਾਂਝ, ਵਖਰੇਵਿਆਂ ਨੂੰ ਦਰਸਾਉਂਦਾ ਹੈ। ਜਰਨੈਲ ਸਿੰਘ ਆਪਣੇ ਜੀਵਨ-ਬਿਰਤਾਂਤ ਵਿੱਚ ਸ਼ਾਮਿਲ ਕਈ ਲੋਕਾਂ ਦਾ ਬਾਖ਼ੂਬੀ ਵਰਣਨ ਕਰਦਾ ਹੋਇਆ ਉਹਨਾਂ ਦੀ ਸ਼ਖਸੀਅਤ ਦੇ ਗੁਣਾਂ ਦੀ ਤਸਵੀਰਕੁਸ਼ੀ ਕਰਦਾ ਹੈ। ਇਸ ਵਿੱਚ ਪਰਿਵਾਰਿਕ ਮੈਂਬਰ, ਦੋਸਤ, ਸਹਿਕਰਮੀ, ਜਾਣਕਾਰ ਆਦਿ ਦਾ ਜ਼ਿਕਰ ਕੀਤਾ ਜਾ ਸਕਦਾ ਹੈ। 'ਭੈਣ ਜੀ ਅਮਰ ਕੌਰ ਦੇ ਪਰਿਵਾਰ ਨਾਲ

ਨੇੜਤਾ', 'ਬਾਪੂ ਜੀ ਅੱਖਾਂ ਮੀਟ ਗਏ', 'ਟੁਰ ਗਿਆ ਮਿੱਤਰ ਪਿਆਰਾ ਲੈਰੀ ਹਾਈਨ', ਬੀਬੀ ਦਾ ਸਦੀਵੀ ਵਿਛੋੜਾ, 41 ਸਾਲ ਬਾਅਦ ਮਿੱਤਰ ਪਿਆਰੇ ਨਾਲ ਮਿਲਾਪ ਆਦਿ ਜਿੱਥੇ ਇਹਨਾਂ ਵੱਖੋ ਵੱਖਰੇ ਲੋਕਾਂ ਦੇ ਚਰਿਤਰ ਦੀਆਂ ਵਿਸ਼ੇਸ਼ਤਾਵਾਂ ਨੂੰ ਪ੍ਰਸਤੁਤ ਕਰਦੇ ਹਨ ਉੱਥੇ ਖ਼ੁਦ ਉਸਦਾ ਇਹਨਾਂ ਪ੍ਰਤਿ ਮੋਹ, ਪਿਆਰ, ਸਾਂਝ, ਅਦਬ, ਸੰਵੇਦਨਸ਼ੀਲਤਾ, ਸ਼ੰਕੇ ਤੇ ਉਹਨਾਂ ਦੀ ਨਵਿਰਤੀ ਨੂੰ ਵੀ ਦਰਸਾਉਂਦੇ ਹਨ।

## ਨਿਸ਼ਕਰਸ਼

ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਜਰਨੈਲ ਸਿੰਘ ਦੀ ਸਵੈ-ਜੀਵਨੀ 'ਸੁਪਨੇ ਅਤੇ ਵਾਟਾਂ' ਕੇਵਲ ਇੱਕ ਵਿਅਕਤੀ ਦੀ ਨਿੱਜੀ ਜੀਵਨ-ਗਾਥਾ ਹੀ ਨਹੀਂ, ਸਗੋਂ ਸਮਕਾਲੀ ਸਮਾਜ, ਇਤਿਹਾਸ ਅਤੇ ਸਾਹਿਤਕ ਸਿਰਜਣਾ ਦਾ ਇੱਕ ਮਹੱਤਵਪੂਰਨ ਦਸਤਾਵੇਜ਼ ਹੈ। ਲੇਖਕ ਨੇ ਆਪਣੀ ਜੀਵਨ-ਯਾਤਰਾ ਨੂੰ ਕਿਸਾਨੀ, ਫੌਜੀ ਸੇਵਾ ਅਤੇ ਪਰਵਾਸ ਦੇ ਵਿਭਿੰਨ ਪੜਾਵਾਂ ਰਾਹੀਂ ਬਹੁਤ ਹੀ ਸੁਹਿਰਦਤਾ ਅਤੇ ਸੰਤੁਲਨ ਨਾਲ ਪੇਸ਼ ਕੀਤਾ ਹੈ। ਇਸ ਰਚਨਾ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਲੇਖਕ ਦੀ ਨਿਰਪੱਖ ਪਹੁੰਚ ਅਤੇ ਸਾਹਿਤਕ ਸੂਝ-ਬੂਝ ਹੈ। ਜਿੱਥੇ ਉਹ ਆਪਣੇ ਪਰਿਵਾਰਕ ਅਤੇ ਸਮਾਜਿਕ ਰਿਸ਼ਤਿਆਂ ਪ੍ਰਤੀ ਸੰਵੇਦਨਸ਼ੀਲਤਾ ਦਿਖਾਉਂਦਾ ਹੈ, ਉੱਥੇ ਹੀ ਉਹ ਆਪਣੀ ਕਹਾਣੀ ਸਿਰਜਨ ਪ੍ਰਕਿਰਿਆ ਅਤੇ ਸਾਹਿਤਕ ਰਚਨਾਵਾਂ ਦੇ ਪਿਛੋਕੜ ਨੂੰ ਬਹੁਤ ਹੀ ਬਾਰੀਕੀ ਤੇ ਆਲੋਚਨਾਤਮਕ ਦ੍ਰਿਸ਼ਟੀ ਤੋਂ ਉਘਾੜਦਾ ਹੈ। ਸਮ੍ਰਿਤੀ ਅਤੇ ਚੇਤਨ ਪ੍ਰਵਾਹ ਦੀ ਪ੍ਰਬੀਨ ਵਰਤੋਂ, ਬੌਧਿਕ ਭਾਸ਼ਾ ਅਤੇ ਇਤਿਹਾਸਕ ਤੱਥਾਂ ਦਾ ਸੁਮੇਲ ਇਸ ਸਵੈ-ਜੀਵਨੀ ਨੂੰ ਪੰਜਾਬੀ ਸਵੈ-ਜੀਵਨੀ ਪਰੰਪਰਾ ਵਿੱਚ ਇੱਕ ਵਿਲੱਖਣ ਅਤੇ ਸਮ੍ਰਿਧ ਸਥਾਨ ਪ੍ਰਦਾਨ ਕਰਦਾ ਹੈ। ਇਹ ਪੁਸਤਕ ਪਾਠਕਾਂ ਅਤੇ ਖੋਜਾਰਥੀਆਂ ਲਈ ਲੇਖਕ ਦੇ ਬਹੁ-ਪਰਤੀ ਚਰਿੱਤਰ ਅਤੇ ਉਸਦੀ ਮਾਨਵਵਾਦੀ ਦ੍ਰਿਸ਼ਟੀ ਨੂੰ ਸਮਝਣ ਲਈ ਇੱਕ ਸਾਰਥਕ ਸਰੋਤ ਸਾਬਤ ਹੁੰਦੀ ਹੈ।

## ਹਵਾਲੇ ਅਤੇ ਟਿੱਪਣੀਆਂ


[1]. http://Sreekumarenglishliterature.blogspot.com/2020/02

[2]. ਸਿੰਘ ਜਰਨੈਲ(2022),'ਦੋ ਸ਼ਬਦ',ਸੁਪਨੇ ਤੇ ਵਾਟਾਂ,ਯੂਨੀਸਟਾਰ ਬੁੱਕਸ,ਚੰਡੀਗੜ੍ਹ,ਪੰਨਾ 10

[3]. ਉਹੀ,ਪੰਨਾ 117

[4]. ਉਹੀ,ਪੰਨਾ 222

[5]. ਉਹੀ,ਪੰਨਾ 222-223

[6]. ਉਹੀ ਪੰਨਾ 102



***Cite this Article***

*Dr. Akal Amrit Kaur, "ਜਰਨੈਲ ਸਿੰਘ ਦੀ ਸਵੈ-ਜੀਵਨੀ: ਜੀਵਨ ਸੰਘਰਸ਼ ਦੀ ਬਹੁ-ਪਰਤੀ ਗਾਥਾ",* ***International Journal of Multidisciplinary Research in Arts, Science and Technology (IJMRAST)****, ISSN: 2584-0231, Volume 4, Issue 2, pp. 15-20, February 2026.*

***Journal URL:*** *https://ijmrast.com/*

***DOI:*** *https://doi.org/10.61778/ijmrast.v4i2.233*



This work is licensed under a Creative Commons Attribution-Non-Commercial 4.0 International License.

© The Author(s) 2026. IJMRAST Published by Surya Multidisciplinary Publication.